# ਦਫਤਰ : ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ
## ਭਵਨ ਤੇ ਮਾਰਗ ਸ਼ਾਖਾ, ਸ੍ਰੀ ਮੁਕਤਸਰ ਸਾਹਿਬ।

*ਟੈਲੀਫੋਨ ਅਤੇ ਫੈਕਸ ਨੰਬਰ 01633-262157*

---

ਵੱਲ,

ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ: ਬਲਕਰਨ ਸਿੰਘ (ਪਾਰਟਨਰ),
ਮੈਸ: ਰਿਆਸਤ ਵਿਲ੍ਹਾ (ਮੈਰਿਜ ਪੈਲੇਸ), ਵਾਸੀ ਫਾਜਿਲਕਾ ਰੋਡ,
ਨੇੜੇ ਪੈਟਰੋਲ ਪੰਪ ਪਿੰਡ ਮਲੋਟ, ਜਿਲ੍ਹਾਂ ਸ੍ਰੀ ਮੁਕਤਸਰ ਸਾਹਿਬ।

ਨੰਬਰ 1749 ਮਿਤੀ 2/7/19

ਵਿਸ਼ਾ:- ਸੜਕ ਦਾ ਐਨ.ਓ.ਸੀ ਲੈਣ ਸਬੰਧੀ :- ਮੈਸ: ਰਿਆਸਤ ਵਿਲ੍ਹਾ (ਮੈਰਿਜ ਪੈਲੇਸ), ਵਾਸੀ ਫਾਜਿਲਕਾ ਰੋਡ, ਨੇੜੇ ਪੈਟਰੋਲ ਪੰਪ ਪਿੰਡ ਮਲੋਟ, ਜਿਲ੍ਹਾਂ ਸ੍ਰੀ ਮੁਕਤਸਰ ਸਾਹਿਬ

ਹਵਾਲਾ : ਆਪ ਦੀ ਅਰਜ਼ੀ ਮਿਤੀ 19-06-19.

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਮੈਸ: ਰਿਆਸਤ ਵਿਲ੍ਹਾ (ਮੈਰਿਜ ਪੈਲੇਸ), ਵਾਸੀ ਫਾਜਿਲਕਾ ਰੋਡ, ਨੇੜੇ ਪੈਟਰੋਲ ਪੰਪ ਪਿੰਡ ਮਲੋਟ, ਜਿਲ੍ਹਾਂ ਸ੍ਰੀ ਮੁਕਤਸਰ ਸਾਹਿਬ ਦੀ ਇਮਾਰਤ ਦੀ ਅਪਰੋਚ ਰੋਡ ਲਈ ਹੇਠ ਲਿਖੀਆ ਸ਼ਰਤਾਂ ਤੇ ਸੀ.ਐਲ.ਯੂ. ਕਲੀਅਰ ਕਰਵਾਉਣ ਲਈ **ਪ੍ਰੋਵੀਜਨਲ ਐਨ.ਓ.ਸੀ** ਜਾਰੀ ਕੀਤਾ ਜਾਂਦਾ ਹੈ ਜੀ:-

1. ਬਿਨੈਕਾਰ ਨੂੰ ਪੀ.ਡਬਲਯੂ.ਡੀ. ਅਧਿਕਾਰੀਆ ਵੱਲੋ ਸਮੇ-ਸਮੇ ਤੇ ਦਿੱਤੀਆ ਹਦਾਇਤਾ ਦੀ ਪਾਲਣਾ ਕਰਨ ਲਈ ਪਾਬੰਦ ਰਹਿਣਾ ਪਵੇਗਾ।
2. ਇਮਾਰਤ ਦਾ ਕਿਸੇ ਤਰ੍ਹਾ ਦਾ ਪਾਣੀ ਸੜਕ ਜਾਂ ਸੜਕ ਦੇ ਬਰਮਾ ਤੇ ਨਾ ਆਵੇ ਅਤੇ ਲੋਕ ਨਿਰਮਾਣ ਵਿਭਾਗ ਦੀ ਜਗ੍ਹਾ ਤੇ ਕੋਈ ਉਸਾਰੀ ਨਹੀ ਕੀਤੀ ਜਾਵੇਗੀ, ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ।
3. ਇਮਾਰਤ ਦੀ ਜਗ੍ਹਾ ਦੇ ਰਸਤੇ ਤੇ ਪਾਣੀ ਦੇ ਪਰਾਪਰ ਨਿਕਾਸ ਲਈ ਡਰੇਨ ਬਣਾਉਣੀ ਯਕੀਨੀ ਬਣਾਈ ਜਾਵੇ।
4. ਬਿਨੈਕਾਰ ਵੱਲੋ ਜਗ੍ਹਾ ਤੇ ਬਿਲਡਿੰਗ ਉਸਾਰੇ ਜਾਣ ਬਾਅਦ ਉਸਦਾ ਐਨ.ਓ.ਸੀ. ਲੈਣ ਲਈ ਪਾਬੰਦ ਹੋਵੇਗਾ ਅਤੇ ਇਮਾਰਤ ਦਾ ਸਾਈਨ ਬੋਰਡ ਲਗਾਉਣਾ ਯਕੀਨੀ ਬਣਾਇਆ ਜਾਵੇ।
5. ਪੁੱਡਾ ਐਕਟ/ਸਡਿਊਲ ਰੋਡਜ਼ ਐਕਟ/ਆਈ.ਆਰ.ਸੀ ਦੀਆਂ ਹਦਾਇਤਾ ਦੀ ਉਲੰਘਣਾ ਨਹੀ ਕੀਤੀ ਜਾਵੇਗੀ।
6. ਬਿਨੈਕਾਰ ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਜੀ ਦੇ ਨੋਟੀਫਿਕੇਸ਼ਨ ਨੰ: 5/13/2018-3BR3 /1294287/3 ਮਿਤੀ ਚੰਡੀਗੜ੍ਹ 10-08-2018 ਅਨੁਸਾਰ ਇੰਸਪੈਕਸ਼ਨ ਫੀਸ ਡਰਾਫਟ ਨੰ: 013793 ਮਿਤੀ 27-06-2019 ਬਾਬਤ ਰਕਮ 10000/-ਰੁਪੈ ਅਤੇ ਡਰਾਫਟ ਨੰ: 013794 ਮਿਤੀ 27-06-2019 ਬਾਬਤ ਰਕਮ 5000/-ਰੁਪੈ ਜਮ੍ਹਾਂ ਕਰਵਾ ਦਿੱਤੀ ਹੈ।
7. ਬਿਨੈਕਾਰ ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਜੀ ਦੇ ਨੋਟੀਫਿਕੇਸ਼ਨ ਨੰ: 5/13/2018-3BR3 /1294287/3 ਮਿਤੀ ਚੰਡੀਗੜ੍ਹ 10-08-2018 ਅਨੁਸਾਰ ਬਣਦੀ ਰਕਮ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।
8. ਬਿਨੈਕਾਰ ਫਾਇਨਲ ਐਨ.ਓ.ਸੀ. ਲੈਣ ਸਮੇ ਬਣਦੇ ਏਰੀਏ ਮੁਤਾਬਿਕ ਬਣਦੀ ਰਕਮ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।
9. ਇਸ ਸਾਈਟ ਤੇ ਪਹਿਲਾ ਲੱਗੇ ਆਈ.ਓ.ਸੀ. ਕੰਪਨੀ ਦੇ ਪੈਟਰੋਲ ਪੰਪ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀ ਪਹੁੰਚਾਇਆ ਜਾਵੇਗਾ।

ਜੇਕਰ ਉਪਰੋਕਤ ਸ਼ਰਤਾਂ ਦੀ ਪਾਲਣਾ ਨਹੀ ਹੁੰਦੀ ਤਾਂ ਇਹ ਮੰਨਜ਼ੂਰੀ ਰੱਦ ਸਮਝੀ ਜਾਵੇਗੀ ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭਤੇਮ, ਸ਼ਾਖਾ,
ਸ੍ਰੀ ਮੁਕਤਸਰ ਸਾਹਿਬ।
ਮਿਤੀ

ਪਿੱਠਅੰਕਣ ਨੰਬਰ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰਬਰ ਨੰ: 3 ਭਤੇਮ, ਸ਼ਾਖਾ ਮਲੋਟ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ 265 ਮਿਤੀ 27-06-2019 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭਤੇਮ, ਸ਼ਾਖਾ,
ਸ੍ਰੀ ਮੁਕਤਸਰ ਸਾਹਿਬ।

For M/s. RIYASAT VILLA
Gurwinder Singh
PARTNER